ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ –ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਾਵੀ ਮੰਜਿਲ, ਈ.ਬਲਾਕ,ਸਿੱਖਿਆ ਭਵਨ,ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ)

ਪੰਜਾਬ।

ਮੀਮੋ ਨੰ:2022/ ਐਨ.ਐਸ.ਕਿਉ.ਐਫ(350130)29 4577 ਮਿਤੀ: 14/11/2022

ਵਿਸ਼ਾ:- 989 ਸਕੂਲਾਂ ਵਿੱਚ ਐਨ.ਐਸ.ਕਿਊ.ਐਫ. ਅਧੀਨ ਚੱਲ ਰਹੀ ਵੋਕੇਸ਼ਨਲ ਸਿੱਖਿਆ ਲਈ 2022-23 ਵਿੱਚ Industry Visit ਦੀ ਰਾਸ਼ੀ ਖਰਚ ਕਰਨ ਸਬੰਧੀ ਹਦਾਇਤਾਂ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੰਜਾਬ ਰਾਜ ਦੇ 989 ਸਕੂਲਾਂ ਵਿੱਚ NSQF ਤਹਿਤ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ।

3.0 ਹਰ ਸਕੂਲ ਵਿੱਚ ਦੋ ਵੱਖ-ਵੱਖ ਟਰੇਡਾਂ ਚੱਲ ਰਹੀਆਂ ਹਨ, ਜਿੱਥੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਟ੍ਰੇਨਰਾਂ ਵੱਲੋਂ ਵੋਕੇਸ਼ਨਲ ਸਿੱਖਿਆ ਦਿੱਤੀ ਜਾਂਦੀ ਹੈ।

4.0 ਵਿਦਿਆਰਥੀਆਂ ਨੂੰ ਹੋਰ ਵਧੀਆ ਤਰੀਕੇ ਨਾਲ ਸਿਖਲਾਈ ਦੇਣ ਲਈ ਅਤੇ ਅਸਲ industry ਵਿੱਚ ਲਿਜਾ ਕੇ hand-on-training ਦੇਣ ਲਈ ਚਾਰੇ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਬੰਧਤ ਟ੍ਰੇਡ ਦੀ industry ਵਿੱਚ ਲਿਜਾ ਕੇ Practically ਚੀਜਾਂ/Process ਨੂੰ ਸਮਝਾਉਣ ਦਾ ਪ੍ਰਾਵਧਾਨ ਹੈ ।

5.0 ਪਹਿਲੀ ਕਿਸ਼ਤ ਦੇ ਤੌਰ ਤੇ ਹਰ ਸਕੂਲ ਲਈ ਰੁ: 46,000/- ਦੇ ਹਿਸਾਬ ਨਾਲ ਗ੍ਰਾਂਟ ਭੇਜੀ ਗਈ ਹੈ। ਸਕੂਲਾਂ ਵਿੱਚ ਚੱਲ ਰਹੀਆਂ ਦੋਵੇਂ ਟ੍ਰੇਡਾਂ ਦੇ ਸਾਰੀਆਂ (ਚਾਰੋ) ਜਮਾਤਾਂ ਦੇ ਵਿਦਿਆਰਥੀਆਂ ਨੂੰ Industry Visit ਤੇ ਲਿਜਾਣਾ ਹੈ।

6.0 ਸਾਲ 2022-23 ਦੌਰਾਨ ਨਵੰਬਰ ਮਹੀਨੇ ਵਿੱਚ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ ਤੇ industry visit ਤੇ ਲਿਜਾਣ ਦੀ ਹਦਾਇਤ ਕੀਤੀ ਜਾਂਦੀ ਹੈ । ਇਸ ਗਤੀਵਿਧੀ ਲਈ ਹੇਠ ਦਿੱਤੇ ਟੇਬਲ ਅਨੁਸਾਰ ਰਾਸ਼ੀ ਭੇਜੀ ਗਈ ਹੈ:-

S. No	Districts	No. of Schools	Amount per School	Total Amount disbursed (in lakhs)
1	Amritsar	76	@Rs 0.46 lakhs per school for two trades and all 4 classes	34.96000
2	Barnala	30		13.80000
3	Bathinda	70		32.20000
4	Faridkot	30		13.80000
5	Fatehgarh Sahib	32		14.72000
6	Fazilka	38		17.48000
7	Ferozepur	44		20.24000
8	Gurdaspur	58		26.68000

ਪਰੋਤੇ ਜੀ...

9	Hoshiarpur	47		21.62000
10	Jalandhar	64		29.44000
11	Kapurthala	39		17.94000
12	Ludhiana	47		21.62000
13	Malerkotla	10		4.60000
14	Mansa	46		21.16000
15	Moga	43		19.78000
16	Mohali	28		12.88000
17	Mukatsar	55		25.30000
18	SBS Nagar	35		16.10000
19	Pathankot	28		12.88000
20	Patiala	62		28.52000
21	Ropar	33		15.18000
22	Sangrur	41		18.86000
23	Tarantaran	33		15.18000
	TOTAL			**454.94000**

7.0 ਸਕੂਲਾਂ ਵੱਲੋਂ Industry Visits ਕਰਵਾਉਣ ਲਈ ਖਰਚੇ ਸਬੰਧੀ ਹਦਾਇਤਾਂ ਹੇਠ ਦਰਸਾਏ ਅਨੁਸਾਰ ਹਨ:-

1 Industry Visits ਤੇ ਆਉਣ ਵਾਲੇ ਖਰਚੇ ਦੀ ਅਦਾਇਗੀ ਕਰਨ ਹਿਤ ਰਕਮ ਜ਼ਿਲ੍ਹਾ ਸਿੱਖਿਆ ਦਫਤਰ ਰਾਹੀਂ ਸਕੂਲ ਪ੍ਰਿੰਸੀਪਲਾਂ ਨੂੰ ਭੇਜੀ ਜਾਵੇ।

2 ਪਹਿਲੀ Industry Visit ਚਾਰੋਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਨਵੰਬਰ ਵਿੱਚ ਕਰਵਾਉਣੀ ਲਾਜ਼ਮੀ ਹੈ।

3 Industry Visits ਕਰਵਾਉਣ ਲਈ ਵੋਕੇਸ਼ਨਲ ਟ੍ਰੇਨਰ ਵਲੋਂ VTP ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਲੈਣ ਉਪਰੰਤ ਵਿਜ਼ਿਟ ਪਲਾਨ ਕੀਤੀ ਜਾਵੇ।

4 ਸਕੂਲ ਟਾਈਮ ਦਾ ਧਿਆਨ ਰੱਖਦੇ ਹੋਏ Business/Industry ਦੇ peak hours ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਵਿਜ਼ਟ ਕਰਵਾਈ ਜਾਵੇ।

5 ਵਿਦਿਆਰਥੀਆਂ ਨੂੰ ਉਹਨਾਂ ਦੇ ਟਰੇਡ ਅਤੇ ਕੋਰਸ ਸਬੰਧੀ ਹੀ ਵਿਜ਼ਟ ਕਰਵਾਈ ਜਾਵੇ ਅਤੇ ਵਿਜ਼ਟ ਤੋ ਬਾਅਦ ਵਿਦਿਆਰਥੀਆਂ ਦਾ ਟੈਸਟ ਜਾਂ ਫੀਡਬੈਕ ਲਿਆ ਜਾਵੇ ਕਿ ਉਹਨਾ ਨੂੰ ਉਸ ਵਿਜ਼ਿਟ ਤੋਂ ਕੀ ਸਿੱਖਣ ਨੂੰ ਮਿਲਿਆ।

6 ਵਿਜ਼ਿਟ ਦੌਰਾਨ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਦੇ ਨਾਲ ਜਾਵੇਗਾ, ਜੇਕਰ ਵੋਕੇਸ਼ਨਲ ਟ੍ਰੇਨਰ ਅਤੇ ਕੁਆਰਡੀਨੇਟਰ ਦੋਵੇਂ ਹੀ ਨਰ (Male) ਹੋਣ ਅਤੇ ਵਿਦਿਆਰਥਣਾਂ ਵੀ ਹੋਣ ਤਾਂ ਵੋਕੇਸ਼ਨਲ ਟ੍ਰੇਨਰ ਦੇ ਨਾਲ ਸਕੂਲ ਦੀ ਕਿਸੇ ਲੇਡੀ ਟੀਚਰ ਨੂੰ ਵੀ ਨਾਲ ਭੇਜਿਆ ਜਾਵੇ।

7 ਵਿਜ਼ਿਟ ਸਬੰਧੀ ਵਿਦਿਆਰਥੀਆਂ ਨੂੰ ਇਕ ਹਫਤਾ ਪਹਿਲਾਂ ਹੀ ਦੱਸ ਦਿੱਤਾ ਜਾਵੇ ਅਤੇ ਇਸ ਬਾਰੇ ਉਹਨਾਂ ਦੇ ਮਾਤਾ-ਪਿਤਾ ਤੋ ਲਿਖਤੀ ਰੂਪ ਵਿੱਚ consent ਵੀ ਲੈ ਲਈ ਜਾਵੇ।

8 ਵਿਦਿਆਰਥੀਆਂ ਦੀ security & discipline ਸਬੰਧੀ ਵੋਕੇਸ਼ਨਲ ਟ੍ਰੇਨਰ ਅਤੇ ਪ੍ਰਿੰਸੀਪਲ ਦੋਵੇਂ ਜ਼ਿੰਮੇਵਾਰ ਹੋਣਗੇਂ।

ਪਰੋਤੇ ਜੀ..

9 ਵਿਜ਼ਿਟ ਸਮੇਂ ਵਿਦਿਆਰਥੀ proper school uniform ਵਿੱਚ ਹੋਣ ਅਤੇ ਸਾਰਿਆਂ ਨੇ ਆਈ.ਡੀ.ਕਾਰਡ ਗਲੇ ਵਿੱਚ ਪਾਏ ਹੋਣ ਅਤੇ ਆਪਣੇ ਕੋਰਸ ਨਾਲ ਸਬੰਧਤ ਕਿਤਾਬ ਅਤੇ ਪੈਨ-ਕਾਪੀ ਨਾਲ ਲੈ ਕੇ ਜਾਣ ਤਾਂ ਜੋ ਜਰੂਰੀ ਗੱਲਾਂ ਨੋਟ ਕਰ ਸਕਣ।

8.0 Industry Visits ਕਰਵਾਉਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ।

9.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਰਾਸ਼ੀ ਸਬੰਧਤ ਸਕੂਲਾਂ ਵਿੱਚ ਤੁਰੰਤ ਟਰਾਂਸਫਰ ਕੀਤੀ ਜਾਵੇ ਅਤੇ Industry Visits ਕਰਵਾਉਣ ਲਈ ਸਹੀ ਤਰੀਕੇ ਨਾਲ ਖਰਚਣ ਦੀਆਂ ਹਦਾਇਤਾਂ ਵੀ ਨਾਲ ਹੀ ਭੇਜ ਦਿੱਤੀਆਂ ਜਾਣ। ਉਕਤ ਹੁਕਮਾਂ ਦੀ ਪਾਲਣਾ ਉਪਰੰਤ ਵਰਤੋਂ ਸਰਟੀਫਿਕੇਟ ਮਿਤੀ 30-11-2022 ਤੱਕ ਮੁੱਖ ਦਫਤਰ ਨੂੰ ਭੇਜਿਆ ਜਾਵੇ ਅਤੇ NSQF ਦੀ ਈ ਮੇਲ-ID ਤੇ ਵੀ ਸੂਚਿਤ ਕੀਤਾ ਜਾਵੇ।

14/11/22

ਸਹਾਇਕ ਡਾਇਰੈਕਟਰ (ਵੋਕੇਸ਼ਨਲ)

ਸਮੱਗਰ ਸਿੱਖਿਆ ਅਭਿਆਨ, ਪੰਜਾਬ।